Media Release

ਤੁਰੰਤ ਰਿਲੀਜ ਲਈ

# ਵੱਧ ਜੁੜਿਆ ਹੋਇਆ, ਸਥਿਰ ਬ੍ਰੈਂਪਟਨ ਬਣਾਉਣ ਲਈ ਭਾਈਵਾਲੀ ਕੀਤੀ ਜਾ ਰਹੀ ਹੈ

## ਸਿਟੀ ਨੇ ਪਬਲਿਕ ਟ੍ਰਾਂਜ਼ਿਟ ਇੰਫਰਾਸਟ੍ਰਕਚਰ ਫੰਡਿੰਗ ਵਿੱਚ ਫੈਡਰਲ ਸਰਕਾਰ ਤੋਂ $45.3 ਮਿਲੀਅਨ ਦਾ ਅਤੇ ਸੂਬਾਈ ਸਰਕਾਰ ਤੋਂ $37.8 ਮਿਲੀਅਨ ਦਾ ਨਿਵੇਸ਼ ਸੁਰੱਖਿਅਤ ਕੀਤਾ

ਬ੍ਰੈਂਪਟਨ, ਓਨਟੈਰੀਓ (28 ਜੁਲਾਈ, 2020) – ਅੱਜ, ਮੇਅਰ ਪੈਟਰਿਕ ਬ੍ਰਾਊਨ ਅਤੇ ਸਿਟੀ ਕਾਉਂਸਿਲ (City Council) ਨੇ, ਕੈਨੇਡਾ ਸਰਕਾਰ (Government of Canada) ਅਤੇ ਓਨਟੈਰੀਓ ਸਰਕਾਰ (Government of Ontario) ਵੱਲੋਂ ਵੱਡੇ ਨਿਵੇਸ਼ ਦਾ ਸੁਆਗਤ ਕੀਤਾ, ਜੋ ਬ੍ਰੈਂਪਟਨ ਵਿੱਚ, ਪਬਲਿਕ ਟ੍ਰਾਂਜ਼ਿਟ ਇੰਫਰਾਸਟ੍ਰਕਚਰ ਨੂੰ ਸਿੱਧੇ ਸਹਿਯੋਗ ਕਰੇਗਾ।

ਸਨਮਾਨਯੋਗ ਮਿਨਿਸਟਰ ਆਫ ਇੰਫਰਾਸਟ੍ਰਕਚਰ ਐਂਡ ਕਮਿਉਨਿਟੀਜ, ਕੈਥਰੀਨ ਮਕੈਨਾ (Catherine McKenna) ਨੇ, ਪਬਲਿਕ ਟ੍ਰਾਂਜ਼ਿਟ ਇੰਫਰਾਸਟ੍ਰਕਚਰ ਸਟ੍ਰੀਮ (ਪੀ.ਟੀ.ਆਈ.ਐਸ.) (Public Transit Infrastructure Stream) (PTIS) ਦੁਆਰਾ, ਚਾਰ ਪ੍ਰੋਜੈਕਟਾਂ ਵਿੱਚ ਕੈਨੇਡਾ ਸਰਕਾਰ ਦੇ $45.3 ਮਿਲੀਅਨ ਦੇ ਨਿਵੇਸ਼ ਦਾ ਐਲਾਨ ਕੀਤਾ।

ਮਿਨਿਸਟਰ ਮਕੈਨਾ ਦੇ ਐਲਾਨ ਤੋਂ ਬਾਅਦ, ਐਸੋਸੀਏਟ ਮਿਨਿਸਟਰ ਆਫ ਸਮਾਲ ਬਿਜਨੇਸ ਐਂਡ ਰੈਡ ਟੇਪ ਰਿਡਕਸ਼ਨ ਅਤੇ ਬ੍ਰੈਂਪਟਨ ਸਾਊਥ ਲਈ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਦੇ ਮੈਂਬਰ, ਸਨਮਾਨਯੋਗ ਪ੍ਰਬਮੀਤ ਸਿੰਘ ਸਰਕਾਰੀਆ (Prabmeet Singh Sarkaria) ਨੇ, ਓਨਟੈਰੀਓ ਦੇ ਮਿਨਿਸਟਰ ਆਫ ਇੰਫਰਾਸਟ੍ਰਕਚਰ, ਸਨਮਾਨਯੋਗ ਲੌਰੀ ਸਕੌਟ (Laurie Scott) ਦੇ ਵੱਲੋਂ, ਐਲਾਨ ਕੀਤਾ ਕਿ ਓਨਟੈਰੀਓ ਸਰਕਾਰ, ਪਬਲਿਕ ਟ੍ਰਾਂਜ਼ਿਟ ਇੰਫਰਾਸਟ੍ਰਕਚਰ ਪ੍ਰੋਜੈਕਟਾਂ ਵਿੱਚ $37.8 ਮਿਲੀਅਨ ਤੋਂ ਵੱਧ ਦਾ ਯੋਗਦਾਨ ਦੇ ਰਹੀ ਹੈ।

ਸਿਟੀ ਆਫ ਬ੍ਰੈਂਪਟਨ, $30.2 ਮਿਲੀਅਨ ਦਾ ਯੋਗਦਾਨ ਦੇ ਰਹੀ ਹੈ; ਇਹ ਸਭ ਇਨਵੈਸਟਿੰਗ ਇਨ ਕੈਨੇਡਾ ਇੰਫਰਾਸਟ੍ਰਕਚਰ (Investing in Canada infrastructure) ਯੋਜਨਾ ਦੁਆਰਾ, ਸੰਯੁਕਤ ਰੂਪ ਨਾਲ ਹੋ ਰਿਹਾ ਹੈ।

ਚਾਰ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ:

- **2020-2021 ਰਿਪਲੇਸਮੈਂਟ ਬੱਸਾਂ:** ਮੌਜੂਦਾ ਸੇਵਾ ਪੱਧਰਾਂ ਨੂੰ ਕਾਇਮ ਰੱਖਣ ਅਤੇ ਪੁਰਾਣੇ ਫਲੀਟ ਨੂੰ ਬਦਲਣ ਵਾਸਤੇ, 32 ਪਰੰਪਰਿਕ ਬੱਸਾਂ ਦੀ ਖਰੀਦ।
    - ਫੈਡਰਲ ਫੰਡਿੰਗ: $9,132,000
    - ਸੂਬਾਈ ਫੰਡਿੰਗ: $7,609,239
    - ਮਿਊਨਿਸਿਪਲ ਫੰਡਿੰਗ: $6,088,761
- **2020-2024 ਬੱਸ ਨਵੀਨੀਕਰਨ:** 300 ਪਰੰਪਰਿਕ ਬੱਸਾਂ ਦਾ ਨਵੀਨੀਕਰਨ, ਜਿਸ ਵਿੱਚ ਸ਼ਾਮਲ ਹੈ, ਵੱਡੇ ਪੁਰਜਿਆਂ ਦੀ ਮੁਰੰਮਤ ਅਤੇ ਬਦਲੀ (ਰਿਪਲੇਸਮੈਂਟ), ਜਿਵੇਂ ਇੰਜਣ, ਸਸਪੈਨਸ਼ਨ ਅਤੇ ਬ੍ਰੇਕਾਂ।
    - ਫੈਡਰਲ ਫੰਡਿੰਗ: $22,243,218
    - ਸੂਬਾਈ ਫੰਡਿੰਗ: $18,534,161
    - ਮਿਊਨਿਸਿਪਲ ਫੰਡਿੰਗ: $14,830,666
- **ਔਨ-ਬੋਰਡ ਕੈਮਰਿਆਂ ਅਤੇ ਡਿਜੀਟਲ ਵੀਡਿਓ ਰਿਕਾਰਡਰਾਂ ਦੀ ਬਦਲੀ**: ਸਮੁੱਚੇ ਬੱਸ ਫਲੀਟ ਵਿੱਚ ਵੱਧ ਨਵੀਆਂ ਤਕਨੀਕਾਂ ਸ਼ਾਮਲ ਕਰਨਾ।
    - ਫੈਡਰਲ ਫੰਡਿੰਗ: $2,000,000

- ਸੂਬਾਈ ਫੰਡਿੰਗ: $1,666,500
- ਮਿਊਨਿਸਿਪਲ ਫੰਡਿੰਗ: $1,333,500

- **ਡਾਊਨਟਾਊਨ ਟ੍ਰਾਂਜ਼ਿਟ ਮੋਬਿਲਿਟੀ ਹਬ:** ਇੱਕ ਨਵਾਂ ਟ੍ਰਾਂਜ਼ਿਟ ਹਬ (ਕੇਂਦਰ), ਜੋ ਇਲੈਕਟ੍ਰਿਕ ਬੱਸਾਂ ਖੜ੍ਹੀਆਂ ਕਰਨ ਵਾਸਤੇ ਹਬ ਨੂੰ ਅਪਗ੍ਰੇਡ ਕਰਨ ਦੀਆਂ ਲੋੜਾਂ ਸਮੇਤ, ਵੱਧ ਸੇਵਾ, ਨਵੀਆਂ ਬੱਸ ਕੈਨੋਪੀਆਂ (ਸ਼ਾਮਿਆਨੇ), ਉਡੀਕ ਖੇਤਰ, ਰਿਆਇਤਾਂ ਦੀ ਇਜਾਜ਼ਤ ਦਿੰਦੇ ਹੋਏ, ਬੱਸ ਬੇਜ (ਸਵਾਰੀਆਂ ਨੂੰ ਲੈਣ ਅਤੇ ਉਤਾਰਨ ਵਾਸਤੇ ਸੜਕ ਦੇ ਕਿਨਾਰੇ ਵਾਲੀਆਂ ਥਾਵਾਂ) ਦੀ ਸੰਖਿਆ ਵਿੱਚ ਵਾਧਾ ਕਰੇਗਾ।
  - ਫੈਡਰਲ ਫੰਡਿੰਗ: $12,000,000
  - ਸੂਬਾਈ ਫੰਡਿੰਗ: $9,999,000
  - ਮਿਊਨਿਸਿਪਲ ਫੰਡਿੰਗ: $8,001,000

**ਹਵਾਲੇ**

"ਅੱਜ ਐਲਾਨ ਕੀਤਾ ਗਿਆ ਨਿਵੇਸ਼, ਸਾਰਿਆਂ ਵਾਸਤੇ ਵੱਧ ਸੁਰੱਖਿਅਤ ਅਤੇ ਸਿਹਤਮੰਦ ਟ੍ਰਾਂਸਪੋਰਟੇਸ਼ਨ ਪ੍ਰਦਾਨ ਕਰਦੇ ਹੋਏ, ਸਾਡੇ ਤੇਜ਼ੀ ਨਾਲ ਵਧ ਰਹੇ ਟ੍ਰਾਂਜ਼ਿਟ ਸਿਸਟਮ ਦੀ ਸਮਰੱਥਾ ਅਤੇ ਕੁਆਲਿਟੀ ਨੂੰ ਵਧਾਉਣ ਵਿੱਚ ਮਦਦ ਕਰੇਗਾ। ਸਾਡੇ ਫੈਡਰਲ ਅਤੇ ਸੂਬਾਈ ਭਾਈਵਾਲਾਂ ਦੀ ਮਦਦ ਨਾਲ, ਅਸੀਂ ਸਾਡੇ ਇੰਫਰਾਸਟ੍ਰਕਚਰ ਨੂੰ ਸਹਿਯੋਗ ਕਰਕੇ ਅਤੇ ਇਸ ਵਿੱਚ ਵਾਧਾ ਕਰਕੇ, ਸਾਡੇ ਭਾਈਚਾਰਿਆਂ ਵਿੱਚ ਨਿਵੇਸ਼ ਕਰਨ ਦੇ ਯੋਗ ਹਾਂ। ਭਰੋਸੇਯੋਗ ਟ੍ਰਾਂਜ਼ਿਟ, ਸੇਵਾਵਾਂ ਅਤੇ ਨੌਕਰੀਆਂ ਤੱਕ ਪਹੁੰਚ ਯੋਗਤਾ ਵਧਾਉਣ ਵਿੱਚ ਮਦਦ ਕਰਦਾ ਹੈ, ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ ਘਟਾਉਂਦਾ ਹੈ ਅਤੇ ਸਾਡੇ ਭਾਈਚਾਰੇ ਦੀ ਸਮੁੱਚੀ ਸਿਹਤ ਵਿੱਚ ਸੁਧਾਰ ਕਰਦਾ ਹੈ। ਮੈਂ ਇੱਥੇ ਬ੍ਰੈਂਪਟਨ ਵਿੱਚ, ਸਾਡੇ ਭਾਈਚਾਰੇ ਨੂੰ ਸਹਿਯੋਗ ਕਰਨ ਲਈ ਸਾਡੀਆਂ ਭਾਈਵਾਲੀਆਂ ਦੇ ਜਾਰੀ ਰਹਿਣ ਤੇ ਉਤਸ਼ਾਹਿਤ ਹਾਂ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅੱਜ ਦਾ ਐਲਾਨ, ਸਾਡੇ ਸ਼ਹਿਰ ਲਈ ਮਹੱਤਵਪੂਰਣ ਉਪਲਬਧੀ ਸਿੱਧ ਹੋਇਆ ਹੈ। ਇਹ ਚਾਰ ਪ੍ਰੋਜੈਕਟ, ਸਾਡੇ ਭਾਈਚਾਰੇ ਲਈ ਅਤੇ ਉਹਨਾਂ ਲਈ ਮਹੱਤਵਪੂਰਣ ਹਨ, ਜੋ ਟ੍ਰਾਂਜ਼ਿਟ ਤੇ ਨਿਰਭਰ ਕਰਦੇ ਹਨ। ਇੰਫਰਾਸਟ੍ਰਕਚਰ ਵਿੱਚ ਨਿਵੇਸ਼, ਭਾਈਚਾਰਿਆਂ ਨੂੰ ਪ੍ਰਦਾਨ ਕੀਤੀ ਜਾਣ ਵਾਲੀ ਜੀਵਨ ਕੁਆਲਿਟੀ ਵਿੱਚ ਸੁਧਾਰ ਕਰਦਾ ਹੈ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਅੱਜ ਦਾ ਇਹ ਨਿਵੇਸ਼, ਸਿੱਧੇ ਸਾਡੇ ਭਾਈਚਾਰੇ ਅਤੇ ਇਸਦੇ ਭਵਿੱਖੀ ਵਾਧੇ ਵਿੱਚ ਜਾਵੇਗਾ, ਇਹ ਬਹੁਤ ਸਾਰੇ ਨਿਵਾਸੀਆਂ ਦੀਆਂ ਜ਼ਿੰਦਗੀਆਂ ਤੇ ਅਸਰ ਪਾਵੇਗਾ। ਵੱਧ ਸਿਹਤਮੰਦ ਅਤੇ ਵੱਧ ਸਥਿਰ ਭਾਈਚਾਰੇ ਨੂੰ ਸਹਿਯੋਗ ਕਰਦੇ ਹੋਏ, ਜਦੋਂ ਅਸੀਂ ਸਾਡੇ ਭਾਈਚਾਰਿਆਂ ਵਿੱਚ ਨਿਵੇਸ਼ ਕਰਦੇ ਹਾਂ, ਤਾਂ ਹਰ ਕਿਸੇ ਦੀ ਜਿੱਤ ਹੁੰਦੀ ਹੈ।"

*- ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਊਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧ ਰਹੇ ਟ੍ਰਾਂਜ਼ਿਟ ਸਿਸਟਮਾਂ ਵਿੱਚੋਂ ਇੱਕ ਲਈ ਘਰ ਹੈ। ਸਾਡੇ ਫੈਡਰਲ ਅਤੇ ਸੂਬਾਈ ਭਾਈਵਾਲਾਂ ਦੇ ਸਹਿਯੋਗ ਨਾਲ, ਅਸੀਂ ਆਉਣ ਵਾਲੇ ਕਈ ਸਾਲਾਂ ਵਾਸਤੇ, ਸਾਡੇ ਨਿਵਾਸੀਆਂ ਨੂੰ ਟ੍ਰਾਂਸਪੋਰਟੇਸ਼ਨ ਦਾ ਪਹੁੰਚਯੋਗ ਅਤੇ ਸਥਿਰ ਰੂਪ ਪ੍ਰਦਾਨ ਕਰਨ ਦੇ ਯੋਗ ਹਾਂ। ਇੰਫਰਾਸਟ੍ਰਕਚਰ ਵਿੱਚ ਉੱਨਤੀ ਅਤੇ ਇਸਦਾ ਵਿਕਾਸ, ਸਾਡੇ ਭਾਈਚਾਰੇ ਦੇ ਭਵਿੱਖ ਵਿੱਚ ਮਹੱਤਵਪੂਰਣ ਨਿਵੇਸ਼ ਹੈ। ਅਸੀਂ ਸਾਡੇ ਸ਼ਹਿਰ ਦੀਆਂ ਲੋੜਾਂ ਤੇ ਧਿਆਨ ਦੇਣ ਲਈ ਇਹਨਾਂ ਭਾਈਵਾਲੀਆਂ ਨੂੰ ਕਾਇਮ ਰੱਖਣ ਲਈ ਵਚਨਬੱਧ ਹਾਂ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca